28-Oct-BTD-Pages.qxd 10/28/2025 10:08 PM Page 4





ਜ਼ਿਲ੍ਹਾ ਸਕੂਲ ਖੇਡਾਂ ਦੇ ਰਸਮੀ ਉਦਘਾਟਨ ਸਮੇਂ ਵਿਧਾਇਕਾ ਬਲਜਿੰਦਰ ਕੌਰ ਤੇ ਹੋਰ। ਤਸਵੀਰ: ਰਣਜੀਤ ਸਿੰਘ ਰਾਜੂ

# ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਦਾ ਆਗਾਜ਼, ਵਿਧਾਇਕਾ ਬਲਜਿੰਦਰ ਕੌਰ ਨੇ ਕੀਤਾ ਉਦਘਾਟਨ

ਤਲਵੰਡੀ ਸਾਬੋ, 28 ਅਕਤੂਬਰ (ਰਾਜੂ, ਰਾਹੀ)-ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਪੰਜਾਬੀ ਯੂਨੀਵਰਸਿਟੀ ਅਧੀਨ ਚੱਲ ਰਹੇ ਗੁਰੂ ਕਾਂਸ਼ੀ ਕੈਂਪਸ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਸਟੇਡੀਅਮ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜਿੰਦਰ ਕੌਰ ਅਤੇ ਬਲਾਕ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ, ਬਲਾਕ ਖੇਡ ਅਫ਼ਸਰ ਜਸਵੀਰ ਸਿੰਘ ਦੀ ਰਹਿਨੁਮਾਈ ਹੇਠ ਸ਼ੁਰੂ ਕਰਵਾਈਆਂ ਗਈਆਂ। ਮੁੱਖ ਮਹਿਮਾਨ ਵਜੋਂ ਪੁੱਜੇ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬਲਜਿੰਦਰ ਕੌਰ ਨੇ ਝੰਡੇ ਦੀ ਰਸਮ ਅਦਾ ਕਰਕੇ ਖੇਡਾਂ ਦਾ ਰਸਮੀ ਆਗਾਜ਼ ਕੀਤਾ। ਵਿਧਾਇਕਾ ਬਲਜਿੰਦਰ ਕੌਰ ਨੇ ਕਿਹਾ ਕਿ ਖੇਡਾਂ ਸਾਡੇ ਬੱਚਿਆਂ ਦੀ ਰੂਹ ਦੀ ਖੁਰਾਕ ਹਨ। ਇਸ ਮੌਕੇ ਜਿਲ੍ਹਾ ਸਿੱਖਿਆ ਅਫ਼ਸਰ ਮਨਜਿੰਦਰ ਕੌਰ ਨੇ ਵਿਧਾਇਕਾ ਬਲਜਿੰਦਰ ਕੌਰ ਦਾ ਸਵਾਗਤ ਕੀਤਾ। ਐਥਲੈਟਿਕਸ ਮੁਕਾਬਲਿਆਂ ਵਿਚ 100 ਮੀਟਰ, 200 ਮੀਟਰ ਅਤੇ 400 ਦੌੜਾਂ (ਲੜਕੇ/ਲੜਕੀਆਂ) ਅਤੇ ਲੰਬੀ ਛਾਲ (ਲੜਕੇ/ ਲੜਕੀਆਂ) ਦੇ ਮੁਕਾਬਲੇ ਕਰਵਾਏ ਗਏ। ਇਸ ਤੋਂ ਇਲਾਵਾ ਸ਼ਤਰੰਜ (ਲੜਕੇ),ਖੋ-ਖੋ (ਲੜਕੇ), ਕਬੱਡੀ (ਲੜਕੀਆਂ) ਅਤੇ ਫੁੱਟਬਾਲ (ਲੜਕੇ/ਲੜਕੀਆਂ) ਦੇ ਮੁਕਾਬਲੇ ਵੀ ਕਰਵਾਏ ਗਏ। ਜ਼ਿਲ੍ਹਾ ਮੀਡੀਆ ਕਮੇਟੀ ਦੇ ਬਲਵੀਰ ਸਿੰਘ ਕਮਾਂਡੋ ਅਤੇ ਗੁਰਜੰਟ ਸਿੰਘ ਨਥੇਹਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿਚ ਖੋ-ਖੋ ਵਿਚ ਰਾਮਪੁਰਾ ਤੇ ਮੌੜ ਬਲਾਕ ਦੇ ਮੁਕਾਬਲੇ ਵਿਚ ਰਾਮਪੁਰਾ ਜੇਤੂ ਰਿਹਾ, ਬਠਿੰਡਾ ਨੇ ਗੋਨਿਆਣਾ ਬਲਾਕ ਨਾਲ ਖੇਡਦੇ ਹੋਏ 19-8 ਅੰਕਾਂ ਨਾਲ ਜਿੱਤ ਹਾਸਲ ਕੀਤੀ। ਕਬੱਡੀ (ਲੜਕੀਆਂ) ਗੋਨਿਆਣਾ ਨੇ ਰਾਮਪੁਰਾ ਨੂੰ, ਸੰਗਤ ਨੇ ਭਗਤਾ ਨੂੰ ਜਦੋਂਕਿ ਮੌੜ ਨੇ ਬਠਿੰਡਾ ਨੂੰ ਹਰਾਇਆ। ਅਥਲੈਟਿਕਸ ਦੇ 100 ਮੀਟਰ (ਲੜਕੀਆਂ) ਦੇ ਮੁਕਾਬਲਿਆਂ 'ਚ ਅਨੰਤ ਰਾਜ ਕੌਰ ਬਠਿੰਡਾ ਨੇ ਪਹਿਲਾ, ਅਨਮੋਲ ਕੌਰ ਤਲਵੰਡੀ ਸਾਹਿਬ ਨੇ ਦੂਜਾ ਤੇ ਅਰਸ਼ਦੀਪ ਕੌਰ ਰਾਮਪੁਰਾ ਨੇ ਤੀਜਾ ਸਥਾਨ ਹਾਸਲ ਕੀਤਾ। 100 ਮੀਟਰ (ਲੜਕਿਆਂ) ਦੇ ਫਾਈਨਲ ਵਿੱਚ ਇਸ਼ਾਨ ਕੁਮਾਰ ਤਲਵੰਡੀ ਸਾਬੋ ਨੇ ਪਹਿਲਾ, ਸ਼ਰਨਪ੍ਰੀਤ ਸਿੰਘ ਰਾਮਪੁਰਾ ਨੇ ਦੂਜਾ,ਨਹੀਮ ਭਗਤਾ ਨੇ ਤੀਜਾ ਸਥਾਨ ਹਾਸਿਲ ਕੀਤਾ। ਲੰਬੀ ਛਾਲ (ਲੜਕੀਆਂ) ਵਿਚ ਅਮਨਦੀਪ ਕੌਰ ਗੋਨਿਆਣਾ ਨੇ ਪਹਿਲਾ, ਜਸਨੀਤ ਕੌਰ ਮੌੜ ਨੇ ਦੂਜਾ ਸਥਾਨ ਹਾਸਿਲ ਕੀਤਾ। ਲੰਬੀ ਛਾਲ (ਲੜਕੇ) ਵਿਚ ਚੰਦਨਪ੍ਰੀਤ ਸਿੰਘ ਮੌੜ ਨੇ ਪਹਿਲਾ, ਸੋਨੂ ਕੁਮਾਰ ਬਠਿੰਡਾ ਨੇ ਦੂਜਾ ਸਥਾਨ ਹਾਸਿਲ ਕੀਤਾ। ਖੇਡਾਂ ਦੀ ਆਰੰਭਤਾ ਮੌਕੇ ਕੁਲਬੀਰ ਕੌਰ ਸਰਾਂ ਪ੍ਰਧਾਨ ਨਗਰ ਕੌਂਸਲ ਤਲਵੰਡੀ ਸਾਬੋ, ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਜਸਵਿੰਦਰ ਕੌਰ ਸਰਪੰਚ ਜਗਾ ਰਾਮ ਤੀਰਥ, ਡਾ. ਸੁਖਦੇਵ ਸਿੰਘ ਕੌਂਸਲਰ, ਹਰਜੀਤ ਸਿੰਘ ਸਰਾਂ ਕੋਆਰਡੀਨੇਟਰ 'ਯੁੱਧ ਨਸ਼ੇ ਵਿਰੁੱਧ' ਮੁਹਿੰਮ, ਪਰਮਜੀਤ ਸਿੰਘ ਸੈਂਟਰ ਹੈਡ ਟੀਚਰ ਜਗਾ ਆਦਿ ਨੇ ਹਾਜ਼ਰੀ ਭਰੀ।

# ਸ਼ਹੀਦੀ ਨਗਰ ਕੀਰਤਨ ਦੀਆਂ ਤਿਆਰੀਆਂ ਸੰਬੰਧੀ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਇਕੱਤਰਤਾ

## ਪੰਜਾਬ 'ਚ ਵੱਖ-ਵੱਖ ਪੜਾਵਾਂ 'ਤੇ ਨਗਰ ਕੀਰਤਨ ਦੇ ਪ੍ਰਬੰਧਾਂ ਦੀ ਕੀਤੀ ਸਮੀਖਿਆ

ਤਲਵੰਡੀ ਸਾਬੋ, 28 ਅਕਤੂਬਰ (ਰਣਜੀਤ ਸਿੰਘ ਰਾਜੂ, ਰਵਜੋਤ ਸਿੰਘ ਰਾਹੀ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਕਰਵਾਏ ਸ਼ਹੀਦੀ ਨਗਰ ਕੀਰਤਨ ਦੇ 29 ਅਕਤੂਬਰ ਨੂੰ ਪੰਜਾਬ ਪੁੱਜਣ ਤੋਂ ਇਲਾਵਾ 31 ਅਕਤੂਬਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜਣ ਤੇ 1 ਨਵੰਬਰ ਨੂੰ ਰਵਾਨਗੀ ਦੀਆਂ ਤਿਆਰੀਆਂ ਲਈ ਸਮੀਖਿਆ ਮੀਟਿੰਗ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਟੇਕ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਧਾਨਾਂ ਅਤੇ ਮਾਲਵਾ ਜੋਨ ਦੇ ਪ੍ਰਚਾਰਕ/ਢਾਡੀ ਅਤੇ ਕਵੀਸ਼ਰ ਸਿੰਘਾਂ ਤੋਂ ਕੀਤੇ ਗਏ ਪ੍ਰਬੰਧਾਂ ਦੀ ਜਾਣਕਾਰੀ ਲਈ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਪ੍ਰਤਾਪ ਸਿੰਘ ਤੇ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਹੁੰਦਾ ਹੋਇਆ ਇਹ ਨਗਰ ਕੀਰਤਨ 29 ਅਕਤੂਬਰ 2025 ਨੂੰ ਕੈਥਲ ਹਰਿਆਣਾ ਤੋਂ ਚਲ ਕੇ ਪੰਜਾਬ ਵਿਚ ਦਾਖ਼ਲ ਹੋਵੇਗਾ ਅਤੇ ਰਾਤ ਦਾ ਪੜਾਅ ਗੁਰਦੁਆਰਾ ਸ੍ਰੀ ਨਾਨਕਿਆਣਾ ਸਾਹਿਬ, ਸੰਗਰੂਰ ਵਿਖੇ ਹੋਵੇਗਾ। 30 ਅਕਤੂਬਰ ਨੂੰ ਨਗਰ ਕੀਰਤਨ ਸੰਗਰੂਰ ਤੋਂ ਗੁਰਦੁਆਰਾ ਗੁਰੂਸਰ ਸਾਹਿਬ ਹੰਢਿਆਇਆ, ਬਰਨਾਲਾ, 31 ਅਕਤੂਬਰ ਨੂੰ ਬਰਨਾਲਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, 1 ਨਵੰਬਰ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ, 2 ਨਵੰਬਰ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਗੁਰਦੁਆਰਾ ਖ਼ਾਲਸਾ ਦੀਵਾਨ ਫ਼ਰੀਦਕੋਟ ਅਤੇ 3 ਨਵੰਬਰ ਨੂੰ ਫ਼ਰੀਦਕੋਟ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਪੁੱਜੇਗਾ। ਇਸੇ ਤਰ੍ਹਾਂ 4 ਨਵੰਬਰ ਨੂੰ ਨਗਰ ਕੀਰਤਨ ਸੁਲਤਾਨਪੁਰ ਲੋਧੀ ਤੋਂ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ, 5 ਨਵੰਬਰ ਨੂੰ ਸ੍ਰੀ ਗੋਇੰਦਵਾਲ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਤਰਨਤਾਰਨ, 6 ਨਵੰਬਰ ਨੂੰ ਤਰਨਤਾਰਨ ਤੋਂ ਗੁਰਦੁਆਰਾ ਪਾ: ਛੇਵੀਂ ਛੇਹਰਟਾ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਹੁੰਦਾ ਹੋਇਆ 7 ਨਵੰਬਰ ਨੂੰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇਗਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਇਹ ਨਗਰ ਕੀਰਤਨ ਵੱਖ-ਵੱਖ ਜ਼ਿਲ੍ਹਿਆਂ ਤੋਂ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਸੰਪੂਰਨ ਹੋਵੇਗਾ। ਉੱਧਰ ਤਖ਼ਤ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਨੇ ਮਾਲਵੇ ਖ਼ਿੱਤੇ ਦੀਆਂ ਸਮੂਹ ਸੰਗਤਾਂ ਨੂੰ ਨਗਰ ਕੀਰਤਨ ਦੇ ਸਵਾਗਤ ਲਈ ਵੱਧ ਚੜ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ। ਮੀਟਿੰਗ 'ਚ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜੋਗਿੰਦਰ ਕੌਰ, ਮੀਤ ਸਕੱਤਰ ਬਲਵਿੰਦਰ ਸਿੰਘ ਖੈਰਾਬਾਦ, ਤਖ਼ਤ ਸਾਹਿਬ ਦੇ ਮੈਨੇਜਰ ਨਰਿੰਦਰਜੀਤ ਸਿੰਘ, ਧਰਮ ਪ੍ਰਚਾਰ ਉੱਪ ਦਫ਼ਤਰ ਇੰਚਾਰਜ ਭੋਲਾ ਸਿੰਘ, ਤਖ਼ਤ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਜੰਟ ਸਿੰਘ, ਮੈਨੇਜਰ ਸੁਰਜੀਤ ਸਿੰਘ, ਅਮਰੀਕ ਸਿੰਘ, ਨਿਰਮਲ ਸਿੰਘ, ਨਿਰਮਲਜੀਤ ਸਿੰਘ, ਰਜਿੰਦਰ ਸਿੰਘ, ਗੁਰਸੇਵਕ ਸਿੰਘ, ਇੰਦਰਜੀਤ ਸਿੰਘ, ਜਗਦੇਵ ਸਿੰਘ, ਭਾਗ ਸਿੰਘ, ਹਰਭਗਵਾਨ ਸਿੰਘ, ਰਾਜਪਾਲ ਸਿੰਘ, ਬਲਕਾਰ ਸਿੰਘ, ਇੰਦਰਜੀਤ ਸਿੰਘ, ਜਗਜੀਤ ਸਿੰਘ ਸਮੇਤ ਪ੍ਰਚਾਰਕ ਢਾਡੀ ਤੇ ਕਵੀਸ਼ਰ ਮੌਜੂਦ ਸਨ।

## ਅੱਜ ਬਿਜਲੀ ਬੰਦ ਰਹੇਗੀ

ਬੁਢਲਾਡਾ, 28 ਅਕਤੂਬਰ (ਨਿ. ਪ. ਪ.)- 66 ਕੇ.ਵੀ. ਸਬ-ਸਟੇਸ਼ਨ ਬੁਢਲਾਡਾ ਵਿਖੇ ਜ਼ਰੂਰੀ ਮੁਰੰਮਤ ਅਤੇ 66 ਕੇ.ਵੀ. ਲਾਈਨ ਦਾ ਕੰਡਕਟਰ ਬਦਲੀ ਕਰਨ ਲਈ 29 ਅਕਤੂਬਰ ਨੂੰ 66 ਕੇ.ਵੀ. ਸਬ-ਸਟੇਸ਼ਨ ਬੁਢਲਾਡਾ ਅਤੇ ਸਬ ਸਟੇਸ਼ਨ ਦਾਤੇਵਾਸ ਤੋਂ ਚੱਲਦੇ ਸਾਰੇ ਸ਼ਹਿਰੀ ਅਤੇ ਦਿਹਾਤੀ ਫੀਡਰਾਂ ਦੀ ਬਿਜਲੀ ਸਪਲਾਈ ਸਵੇਰੇ 9 ਤੋਂ ਸ਼ਾਮ 5 ਤੱਕ ਬੰਦ ਰਹੇਗੀ। ਇਹ ਜਾਣਕਾਰੀ ਉਪ ਮੰਡਲ ਅਫ਼ਸਰ ਬੁਢਲਾਡਾ ਇੰਜ. ਕੇਵਲ ਸਿੰਘ ਨੇ ਦਿੱਤੀ।



ਪ੍ਰਦੀਪ ਚੋਪੜਾ, ਵਿਜੇ ਚੋਪੜਾ, ਅਸ਼ਵਨੀ ਘਈ ਅਤੇ ਸਾਥੀਆਂ ਨੂੰ ਪਾਰਟੀ 'ਚ ਸ਼ਾਮਲ ਕਰਨ ਸਮੇਂ ਇਕਬਾਲ ਸਿੰਘ ਬਬਲੀ ਢਿੱਲੋਂ। ਅਜੀਤ ਤਸਵੀਰ

# ਸਮਾਜ ਸੇਵੀ ਪਰਿਵਾਰ ਸਾਥੀਆਂ ਸਮੇਤ ਹੋਇਆ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਿਲ

## -ਹਰ ਵਰਗ ਦੀ ਖ਼ੁਸ਼ਹਾਲੀ ਅਤੇ ਪੰਜਾਬ ਦੀ ਤਰੱਕੀ ਹੀ ਪਾਰਟੀ ਦਾ ਮੁੱਖ ਏਜੰਡਾ: ਬਬਲੀ ਢਿੱਲੋਂ

ਬਠਿੰਡਾ, 28 ਅਕਤੂਬਰ (ਅੰਮ੍ਰਿਤਪਾਲ ਸਿੰਘ ਵਲ੍ਹਾਣ): ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਵਿਧਾਨ ਸਭਾ ਹਲਕਾ ਬਠਿੰਡਾ ਸ਼ਹਿਰੀ ਖੇਤਰ ਵਿਚ ਉਸ ਸਮੇਂ ਬਲ ਮਿਲਿਆ, ਜਦੋਂ ਹਰਤਾਰ ਸਿੰਘ ਅਤੇ ਪਰਮਪਾਲ ਸਿੰਘ ਦੇ ਯਤਨਾਂ ਸਦਕਾ ਮਹਿਣਾ ਮੁਹੱਲਾ ਵਾਰਡ ਨੰਬਰ-27 ਦੇ ਸਮਾਜ ਸੇਵੀ ਪਰਿਵਾਰ ਪ੍ਰਦੀਪ ਚੋਪੜਾ, ਵਿਜੇ ਚੋਪੜਾ ਅਤੇ ਅਸ਼ਵਨੀ ਘਈ ਅਤੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ। ਜਿਨ੍ਹਾਂ ਨੂੰ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਨੇ ਪਾਰਟੀ 'ਚ ਜੀ ਆਇਆ ਕਿਹਾ ਤੇ ਪੂਰਾ ਮਾਣ-ਸਨਮਾਨ ਦੇਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਹਰਤਾਰ ਸਿੰਘ ਸਰਕਲ ਪ੍ਰਧਾਨ, ਪਰਮਪਾਲ ਸਿੰਘ ਸਿੱਧੂ ਸਰਕਲ ਪ੍ਰਧਾਨ, ਯਾਦਵਿੰਦਰ ਸਿੰਘ ਯਾਦੀ, ਡਾਇਮੰਡ ਖੰਨਾ ਯੂਥ ਆਗੂ, ਰਣਜੀਤ ਸਿੰਘ ਬਿੱਟੂ, ਪਾਰਸ ਨਨਚਹਿਲ ਅਤੇ ਗੁਰਪ੍ਰੀਤ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਪ੍ਰਦੀਪ ਚੋਪੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ ਹਿੱਤ ਨੀਤੀਆਂ ਨੂੰ ਮੁੱਖ ਰੱਖ ਕੇ ਉਹ ਪਾਰਟੀ ਵਿਚ ਸ਼ਾਮਿਲ ਹੋਏ ਹਨ ਕਿਉਂਕਿ ਇਕਬਾਲ ਸਿੰਘ ਬਬਲੀ ਢਿੱਲੋਂ ਦੀ ਅਗਵਾਈ ਵਿਚ ਸ਼ਹਿਰ ਵਿਚ ਹਰ ਵਰਗ ਨੂੰ ਅੱਗੇ ਵਧਾਉਣ ਲਈ ਸਹਿਯੋਗ ਮਿਲਦਾ ਰਿਹਾ ਹੈ। ਇਸ ਮੌਕੇ ਬਬਲੀ ਢਿੱਲੋਂ ਨੇ ਸਮੂਹ ਪਰਿਵਾਰਾਂ ਦਾ ਪਾਰਟੀ ਵਿਚ ਸਵਾਗਤ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਏਜੰਡਾ ਹਰ ਵਰਗ ਦੀ ਖ਼ੁਸ਼ਹਾਲੀ ਅਤੇ ਸੂਬੇ ਦੀ ਤਰੱਕੀ ਹੈ, ਜਿਸ ਲਈ ਉਹ ਹਮੇਸ਼ਾ ਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਅਗਵਾਈ ਵਿਚ ਕੰਮ ਕਰ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਸਮਾਜ ਸੇਵੀ ਪਰਿਵਾਰਾਂ ਦਾ ਪਾਰਟੀ ਨਾਲ ਜੁੜਨਾ ਆਉਣ ਵਾਲੀਆਂ ਵਿਧਾਨ ਸਭਾ ਤੇ ਨਗਰ ਨਿਗਮ ਚੋਣਾਂ ਲਈ ਪਾਰਟੀ ਦੀ ਚੜ੍ਹਦੀ ਕਲਾ ਦਾ ਸ਼ੁੱਭ ਸੰਕੇਤ ਹੈ।



ਵਿਰਬੈਕ ਕੰਪਨੀ ਵਲੋਂ ਆਂਗਣਵਾੜੀ ਸੈਂਟਰ ਮਹਿਰਾਜ ਵਿਖੇ ਮੁਫ਼ਤ ਵਾਟਰ ਕੂਲਰ ਤੇ ਆਰ.ਓ. ਦੀ ਜਾਣਕਾਰੀ ਦਿੰਦੇ ਹੋਏ । ਤਸਵੀਰ: ਸੁਖਪਾਲ ਮਹਿਰਾਜ

# ਵਿਰਬੈਕ ਕੰਪਨੀ ਵਲੋਂ ਆਗਣਵਾੜੀ ਸੈਂਟਰ ਵਿਖੇ ਵਾਟਰ ਕੂਲਰ ਤੇ ਆਰ. ਓ. ਲਗਾਇਆ

ਮਹਿਰਾਜ, 28 ਅਕਤੂਬਰ (ਸੁਖਪਾਲ ਮਹਿਰਾਜ)-ਨਗਰ ਮਹਿਰਾਜ ਵਿਚ ਸਥਿਤ ਆਗਣਵਾੜੀ ਸੈਂਟਰ ਨੰਬਰ 311 ਵਿਚ ਨੰਨੇ ਮੁੰਨੇ ਬੱਚਿਆਂ ਨੂੰ ਗਰਮੀ ਦੇ ਮੌਸਮ 'ਚ ਸਾਫ਼ ਤੇ ਠੰਢੇ ਪਾਣੀ ਦੀ ਉਚਿਤ ਸਹੂਲਤ ਮੁਹੱਈਆ ਕਰਵਾਉਣ ਲਈ ਵਾਟਰ ਕੂਲਰ ਅਤੇ ਆਰ. ਓ. ਸਿਸਟਮ ਲਗਾਇਆ ਗਿਆ। ਇਹ ਉਪਰਾਲਾ ਸਵਰਗਵਾਸੀ ਡਾ. ਅੰਕਿਤਾ ਤਿਵਾੜੀ ਦੀ ਪ੍ਰੇਰਨਾ ਅਤੇ ਕੋਸ਼ਿਸ਼ਾਂ ਦਾ ਨਤੀਜਾ ਹੈ। ਇਹ ਸਹੂਲਤ ਵਿਰਬੈਕ ਕੰਪਨੀ ਵਲੋਂ ਬਿਜ਼ਨਸ ਅਫ਼ਸਰ ਵਿਕਾਸ ਡੁੱਡੀ ਦੀ ਹਾਜ਼ਰੀ ਵਿਚ ਮੁਹੱਈਆ ਕਰਵਾਈ ਗਈ। ਆਂਗਣਵਾੜੀ ਸੁਪਰਵਾਈਜ਼ਰ ਦਿਲਪ੍ਰੀਤ ਕੌਰ ਅਤੇ ਬਲਾਕ ਪ੍ਰਧਾਨ ਸਰਵਜੀਤ ਕੌਰ ਮਹਿਰਾਜ ਨੇ ਕੰਪਨੀ ਅਧਿਕਾਰੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਵੈਟਰਨਰੀ ਇੰਸਪੈਕਟਰ ਰਣਜੀਤ ਸਿੰਘ ਬਾਹੀਆ ਅਤੇ ਨਗਰ ਪੰਚਾਇਤ ਮਹਿਰਾਜ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਬੀਰਾ ਦੀ ਪ੍ਰੇਰਨਾ ਨਾਲ ਇਹ ਕੰਮ ਸਫ਼ਲਤਾ ਪੂਰਵਕ ਅੰਜ਼ਾਮ ਤੱਕ ਪਹੁੰਚਿਆ ਹੈ। ਇਸ ਮੌਕੇ ਡਾ: ਅੰਕਿਤਾ ਤਿਵਾੜੀ ਦੇ ਪਿਤਾ ਸੇਵਾਮੁਕਤ ਆਰਮੀ ਮੈਡੀਕਲ ਅਫ਼ਸਰ ਸਿੱਧਤ ਕੁਮਾਰ ਤਿਵਾਰੀ ਅਤੇ ਮਾਤਾ ਸ਼ਕੁੰਤਲਾ ਤਿਵਾਰੀ ਵੀ ਮੌਜੂਦ ਰਹੇ। ਉਨ੍ਹਾਂ ਨੇ ਭਾਵੁਕ ਹੋ ਕੇ ਕਿਹਾ ਕਿ ਉਨ੍ਹਾਂ ਦੀ ਧੀ ਦਾ ਸਦਾ ਇਹ ਸੁਪਨਾ ਸੀ ਕਿ ਬੱਚਿਆਂ ਨੂੰ ਸਾਫ਼-ਸੁਥਰਾ ਅਤੇ ਸੁਰੱਖਿਅਤ ਪਰਿਵਾਰ ਮਿਲੇ ਤੇ ਅੱਜ ਉਸ ਦੇ ਸੁਪਨੇ ਨੂੰ ਹਕੀਕਤ ਦਾ ਰੂਪ ਮਿਲਿਆ ਹੈ। ਇਸ ਮੌਕੇ ਜੇ ਈ ਕਿਰਨਦੀਪ ਕੌਰ, ਸੰਨੀ, ਸਮੂਹ ਵਰਕਰਾਂ ਤੇ ਹੈਲਪਰਾਂ ਹਾਜ਼ਰ ਸਨ ।



ਬਰੇਟਾ ਵਿਖੇ ਕਲੱਸਟਰ ਅਫ਼ਸਰ ਨੂੰ ਪਰਾਲੀ ਸਬੰਧੀ ਮੰਗ ਪੱਤਰ ਸੌਂਪਦੇ ਹੋਏ ਕਿਸਾਨ। ਤਸਵੀਰ : ਜੀਵਨ ਸ਼ਰਮਾ

# ਕਿਸਾਨਾਂ ਨੇ ਝੋਨੇ ਦੀ ਪਰਾਲੀ ਨਾ ਚੁੱਕਣ 'ਤੇ ਸਾੜਨ ਦੀ ਦਿੱਤੀ ਚਿਤਾਵਨੀ

ਬਰੇਟਾ, 28 ਅਕਤੂਬਰ (ਜੀਵਨ ਸ਼ਰਮਾ)- ਝੋਨੇ ਦੀ ਪਰਾਲੀ ਚੁੱਕਣ ਨੂੰ ਲੈ ਕੇ ਬਰੇਟਾ ਪਿੰਡ ਦੇ ਕਿਸਾਨਾਂ ਦੇ ਵਫ਼ਦ ਵਲੋਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੀ ਅਗਵਾਈ ਵਿਚ ਕਲੱਸਟਰ ਅਫ਼ਸਰ ਸਿਕੰਦਰ ਸਿੰਘ ਨੂੰ ਮੰਗ ਪੱਤਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਝੋਨੇ ਦਾ ਕਰੀਬ 60 ਫ਼ੀਸਦੀ ਰਕਬਾ ਵੱਢਿਆ ਜਾ ਚੁੱਕਿਆ ਹੈ ਪਰ ਅਜੇ ਤੱਕ 1 ਏਕੜ ਦੀ ਪਰਾਲੀ ਵੀ ਚੁੱਕੀ ਨਹੀਂ ਗਈ, ਜਿਸ ਕਰ ਕੇ ਉਨ੍ਹਾਂ ਦੀ ਕਣਕ ਦੀ ਬਿਜਾਈ ਲੇਟ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਪਰਾਲੀ ਨੂੰ 5 ਦਿਨਾਂ ਵਿਚ ਚੁੱਕ ਲਿਆ ਜਾਵੇ ਨਹੀਂ ਤਾਂ ਉਹ ਅੱਗ ਲਗਾਉਣ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣਾ ਕਿਸਾਨਾਂ ਦੀ ਮਜਬੂਰੀ ਬਣ ਗਈ ਹੈ। ਇਸ ਮੌਕੇ ਤਾਰਾ ਚੰਦ ਬਰੇਟਾ, ਜਸਵਿੰਦਰ ਸਿੰਘ, ਜਗਸੀਰ ਸਿੰਘ, ਸਾਬਕਾ ਪ੍ਰਧਾਨ ਨਗਰ ਕੌਂਸਲ ਗੁਰਦੇਵ ਸਿੰਘ, ਦਰਸ਼ਨ ਸਿੰਘ, ਗੁਰਚਰਨ ਸਿੰਘ, ਕੇਵਲ ਸਿੰਘ, ਅਵਤਾਰ ਸਿੰਘ, ਜਗਰਾਜ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ, ਭੋਲਾ ਸਿੰਘ ਆਦਿ ਹਾਜ਼ਰ ਸਨ।

## ਦਸਮੇਸ਼ ਸਕੂਲ ਸਰਦੂਲਗੜ੍ਹ ਦਾ ਵਿਦਿਆਰਥੀ ਮੁਕਲ ਉੱਪਲ ਬਣੇਗਾ ਡਾਕਟਰ

ਸਰਦੂਲਗੜ੍ਹ, 28 ਅਕਤੂਬਰ (ਜੀ.ਐਮ.ਅਰੋੜਾ) ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਦੇ ਹੋਣਹਾਰ ਵਿਦਿਆਰਥੀ ਮੁਕਲ ਉੱਪਲ ਪੁੱਤਰ ਜਗਮੋਹਨ ਰਾਏ ਵਾਸੀ ਸਰਦੂਲਗੜ੍ਹ ਨੇ ਐਮ. ਬੀ. ਬੀ. ਐਸ. ਵਿਚ ਦਾਖ਼ਲੇ ਲਈ ਪੂਰੇ ਭਾਰਤ ਵਿਚੋਂ 24095ਵਾਂ ਰੈਂਕ ਹਾਸਿਲ ਕਰ ਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ ਹੈ। ਉਸ ਨੇ ਪੰਜਾਬ 'ਚ 366ਵਾਂ ਰੈਂਕ ਪ੍ਰਾਪਤ ਕੀਤਾ ਸੀ, ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫ਼ਰੀਦਕੋਟ ਵਿਖੇ ਦਾਖਲਾ ਮਿਲ ਗਿਆ। ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਮਾਣ ਵਾਲੀ ਗੱਲ ਹੈ ਕਿ ਦਸਮੇਸ਼ ਸਕੂਲਾਂ ਦੇ ਹੋਣਹਾਰ ਵਿਦਿਆਰਥੀ ਰਾਜਨ ਕੁਮਾਰ ਨੂੰ ਐਮ.ਬੀ.ਬੀ.ਐਸ. ਲਈ ਸਰਕਾਰੀ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ, ਰੇਖਾ ਰਾਣੀ ਨੂੰ ਮਹਾਤਮਾ ਗਾਧੀ ਮੈਮੋਰੀਅਲ ਮੈਡੀਕਲ ਕਾਲਜ ਇੰਦੌਰ ਅਤੇ ਮੁਕਲ ਉੱਪਲ ਨੂੰ ਗੌਰਮਿੰਟ ਮੈਡੀਕਲ ਕਾਲਜ ਫ਼ਰੀਦਕੋਟ ਮਿਲ ਗਿਆ ਹੈ।



ਮੁਕਲ ਉੱਪਲ



ਸਾਹਿਬਜ਼ਾਦਾ ਜੁਝਾਰ ਸਿੰਘ ਸਕੂਲ ਕੋਟਧਰਮੂ ਵਿਖੇ ਵਿਦਿਆਰਥੀਆਂ ਤੋਂ ਪ੍ਰਸ਼ਨ ਪੁੱਛਦੇ ਹੋਏ ਮਾਹਿਰ। ਅਜੀਤ ਤਸਵੀਰ

# ਸੁੰਦਰ ਲਿਖਾਈ ਤੇ ਅੰਤਰ ਹਾਊਸ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ

ਮਾਨਸਾ, 28 ਅਕਤੂਬਰ (ਸ.ਰਿ.)- ਸਾਹਿਬਜ਼ਾਦਾ ਜੁਝਾਰ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੋਟਧਰਮੂ ਵਿਖੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਨਾਲ ਸਬੰਧਿਤ ਸੁੰਦਰ ਲਿਖਾਈ ਅਤੇ ਅੰਤਰ ਹਾਊਸ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਵੱਖ-ਵੱਖ ਹਾਊਸਾਂ 'ਚ ਵੰਡਿਆ ਗਿਆ। ਸ਼ਹੀਦ ਊਧਮ ਸਿੰਘ ਹਾਊਸ ਨੇ ਪਹਿਲਾ, ਸਰਦਾਰ ਭਗਤ ਸਿੰਘ ਨੇ ਦੂਜਾ, ਸਰਦਾਰ ਕਰਤਾਰ ਸਿੰਘ ਸਰਾਭਾ ਨੇ ਤੀਜਾ ਅਤੇ ਗਿਆਨੀ ਦਿੱਤ ਸਿੰਘ ਹਾਊਸ ਨੇ ਚੌਥਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਸਤਵਿੰਦਰ ਕੌਰ ਨੇ ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਕਰਵਾਉਣ ਨਾਲ ਬੱਚੇ ਆਪਣੇ ਇਤਿਹਾਸ ਅਤੇ ਗੁਰਮਤਿ ਨਾਲ ਜੁੜਦੇ ਹਨ। ਇਸ ਮੌਕੇ ਧਾਰਮਿਕ ਅਧਿਆਪਕ ਸਮਰਜੀਤ ਸਿੰਘ ਤੇ ਹੋਰ ਹਾਜ਼ਰ ਸਨ।



ਸਰਦੂਲਗੜ੍ਹ ਦੀਆਂ ਬਲਾਕ ਪ੍ਰਾਇਮਰੀ ਸਕੂਲ ਖੇਡਾਂ 'ਚ ਓਵਰਆਲ ਟਰਾਫ਼ੀ ਜਿੱਤਣ ਵਾਲੇ ਖਿਡਾਰੀ। ਤਸਵੀਰ : ਜੀ.ਐਮ.ਅਰੋੜਾ

# ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਬਲਾਕ ਪੱਧਰੀ ਖੇਡਾਂ 'ਚ ਬਣਿਆ ਓਵਰਆਲ ਚੈਂਪੀਅਨ

ਸਰਦੂਲਗੜ੍ਹ, 28 ਅਕਤੂਬਰ (ਜੀ.ਐਮ.ਅਰੋੜਾ)- ਦਸਮੇਸ਼ ਕਾਨਵੈਂਟ ਸਕੂਲ ਸਰਦੂਲਗੜ੍ਹ ਦੇ ਖਿਡਾਰੀਆਂ ਨੇ ਬਲਾਕ ਪ੍ਰਾਇਮਰੀ ਸਕੂਲ ਖੇਡਾਂ ਸਰਦੂਲਗੜ੍ਹ ਜ਼ੋਨ ਖੇਡਾਂ 'ਚ ਸੋਨ ਅਤੇ ਚਾਂਦੀ ਤਗਮੇ ਹਾਸਲ ਕਰਕੇ ਓਵਰਆਲ ਟਰਾਫ਼ੀ ਜਿੱਤੀ। ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਨ੍ਹਾਂ ਖੇਡਾਂ 'ਚ ਬਲਾਕ ਨਾਲ ਸਬੰਧਿਤ ਲਗਪਗ 42 ਸਕੂਲਾਂ ਨੇ ਭਾਗ ਲਿਆ, ਜਿਨ੍ਹਾਂ ਵਿਚੋਂ ਦਸਮੇਸ਼ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਵੱਖ-ਵੱਖ ਖੇਡਾਂ 'ਚ ਤਗਮੇ ਜਿੱਤ ਕੇ ਓਵਰਆਲ ਚੈਂਪੀਅਨ ਬਣਿਆ। ਬੈਡਮਿੰਟਨ ਅੰਡਰ-11 ਲੜਕੀਆਂ 'ਚ ਗੁਰਸੀਰਤ ਕੌਰ, ਸ਼ਿਵਾਨੀ, ਜੰਨਤ, ਅਸ਼ਮੀਤ ਅਤੇ ਲੜਕੇ ਹਰਸ਼ਦੀਪ ਸਿੰਘ, ਏਕਮਪ੍ਰੀਤ ਸਿੰਘ, ਗੁਰਨਾਜ, ਹਰਸ਼ਦੀਪ ਨੇ ਸੋਨ ਤਗਮੇ ਜਿੱਤੇ ਅਤੇ ਐਥਲੈਟਿਕਸ 400 ਮੀਟਰ ਵਿਚ ਗੁਰਜੋਤ ਨੇ ਚਾਂਦੀ ਦਾ ਤਗਮਾ ਜਿੱਤਿਆ ਅਤੇ ਸ਼ਾਟਪੁੱਟ ਵਿਚ ਗੁਰਸਹਿਜ ਸਿੰਘ ਨੇ ਸੋਨ ਤਗਮਾ ਜਿੱਤਿਆ। ਤੈਰਾਕੀ ਵਿਚ ਜਸਰਾਜ ਸਿੰਘ ਨੇ ਸੋਨ ਤਗਮਾ ਜਿੱਤਿਆ। ਇਸ ਤੋਂ ਇਲਾਵਾ ਯੋਗਾ ਵਿਚ ਨਵਿਆ ਨੇ ਪਹਿਲੇ ਸਥਾਨ 'ਤੇ ਰਹਿੰਦਿਆਂ ਸੋਨ ਤਗਮਾ ਜਿੱਤਿਆ ਅਤੇ ਗੁਰਸਾਝ ਸਿੰਘ ਨੇ ਦੂਸਰੇ ਸਥਾਨ 'ਤੇ ਰਹਿੰਦਿਆਂ ਚਾਂਦੀ ਦਾ ਤਗਮਾ ਜਿੱਤਿਆ। ਖੇਡਾਂ 'ਚ ਸੋਨ ਤਗਮੇ ਜਿੱਤਣ ਵਾਲੇ 54 ਖਿਡਾਰੀਆਂ ਨੂੰ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਤਪਾਲ ਸਿੰਘ ਵਲੋਂ ਤਗਮੇ ਦੇ ਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਨੇ ਕੋਚ ਰਮਨਦੀਪ ਕੌਰ, ਮਨਦੀਪ ਸਿੰਘ, ਗੁਰਜੀਤ ਸਿੰਘ, ਗੁਰਸੇਵਕ ਸਿੰਘ ਨੂੰ ਵਧਾਈ ਦਿੱਤੀ।

# ਅੱਖਾਂ ਦੇ ਮਾਹਿਰਾਂ ਨੇ ਕਾਰਬਾਈਡ ਪਟਾਕਿਆਂ ਦੀ ਵਰਤੋਂ ਵਿਰੁੱਧ ਚੇਤਾਵਨੀ ਕੀਤੀ ਜਾਰੀ

ਬਠਿੰਡਾ, 28 ਅਕਤੂਬਰ (ਅੰਮ੍ਰਿਤਪਾਲ ਸਿੰਘ ਵਲ੍ਹਾਣ)-ਅੱਖਾਂ ਦੇ ਮਾਹਿਰ ਡਾਕਟਰਾਂ ਦੀ ਸੰਸਥਾ 'ਪੰਜਾਬ ਓਫਥਲਮੋਲੋਜੀਕਲ ਸੋਸਾਇਟੀ' ਨੇ ਕਾਰਬਾਈਡ ਅਤੇ ਇੰਪ੍ਰੋਵਾਈਜ਼ਡ ਪਟਾਕਿਆਂ ਵਿਰੁੱਧ ਰਾਸ਼ਟਰੀ ਚੇਤਾਵਨੀ ਜਾਰੀ ਕੀਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਪਟਾਕਿਆਂ ਕਾਰਨ ਪੂਰੇ ਭਾਰਤ ਵਿਚ ਅੱਖਾਂ ਨੂੰ ਅੰਨ੍ਹਾ ਕਰਨ ਵਾਲੀਆਂ ਸੱਟਾਂ ਵਿਚ ਚਿੰਤਾਜਨਕ ਵਾਧਾ ਦਰਜ ਕੀਤਾ ਗਿਆ ਹੈ। ਅਕੈਡਮੀ ਆਫ਼ ਅੰਮ੍ਰਿਤਸਰ ਓਫਥਲਮੋਲੋਜੀਸਟ ਦੇ ਪ੍ਰਧਾਨ ਡਾ: ਸ਼ੌਕੀਨ ਸਿੰਘ, ਸੈਕਟਰੀ ਡਾ: ਕਰਮਜੀਤ ਸਿੰਘ ਅਤੇ ਖ਼ਜ਼ਾਨਚੀ ਡਾ: ਰਮਨ ਮਿੱਤਲ ਨੇ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਕਈ ਰਾਜਾਂ ਦੇ ਨੇਤਰ ਵਿਗਿਆਨੀਆਂ ਅਤੇ ਹਸਪਤਾਲਾਂ ਵਲੋਂ ਅਖੌਤੀ 'ਕਾਰਬਾਈਡ ਬੰਬ' ਜਾਂ 'ਕਾਰਬਾਈਡ ਬੰਦੂਕਾਂ' ਕਾਰਨ ਗੰਭੀਰ ਅੱਖਾਂ ਦੇ ਜ਼ਖ਼ਮਾਂ ਵਿਚ ਵਾਧਾ ਹੋਣ ਦੀ ਪੁਸ਼ਟੀ ਕੀਤੀ ਗਈ ਹੈ। ਇਹ ਕੈਲਸ਼ੀਅਮ ਕਾਰਬਾਈਡ ਅਤੇ ਪਾਣੀ ਤੋਂ ਬਣੇ ਖ਼ਤਰਨਾਕ ਵਿਸਫ਼ੋਟਕ ਯੰਤਰ ਹਨ, ਜੋ ਵਿਸਫ਼ੋਟਕ ਐਸੀਟਲੀਨ ਗੈਸ ਛੱਡਦੇ ਹਨ। ਇਹ ਰਸਾਇਣਿਕ ਬੰਬ ਹਨ, ਰਵਾਇਤੀ ਪਟਾਕੇ ਨਹੀਂ। ਉਨ੍ਹਾਂ ਦੱਸਿਆ ਕਿ ਇਸ ਅੰਨ੍ਹਾ ਕਰਨ ਵਾਲੇ ਰਸਾਇਣਿਕ ਕਾਰਨ ਥਰਮਲ ਬਰਨ ਕੌਰਨੀਅਲ ਵਿਨਾਸ਼, ਪੱਕੇ ਤੌਰ ਉੱਤੇ ਨਜ਼ਰ ਦਾ ਨੁਕਸਾਨ ਅਤੇ ਅਪੰਗਤਾ ਹੋ ਰਹੀ ਹੈ। ਅੱਖਾਂ ਦੇ ਮਾਹਿਰ ਡਾਕਟਰਾਂ ਨੇ ਨਾਗਰਿਕਾਂ ਨੂੰ ਇਨ੍ਹਾਂ ਖ਼ਤਰਨਾਕ ਪਟਾਕਿਆਂ ਤੋਂ ਸੁਚੇਤ ਕਰਦੇ ਕਿਹਾ ਕਿ ਬੱਚਿਆਂ ਦੇ ਮਾਪੇ ਇਸ ਗੱਲ ਦਾ ਖਿਆਲ ਰੱਖਣ ਕਿ ਅਜਿਹੇ ਕਾਰਬਾਈਡ ਆਧਾਰਿਤ ਪਟਾਖੇ ਨਾ ਖਰੀਦਣ ਅਤੇ ਨਾ ਚਲਾਉਣ ਜੋ ਕਿ ਅੱਖਾਂ ਨੂੰ ਵੱਡਾ ਨੁਕਸਾਨ ਪਹੁੰਚਾ ਸਕਦੇ ਹਨ।

# ਰੂਪ ਸਿੰਘ ਢਿੱਲੋਂ ਸੀ.ਪੀ.ਆਈ. ਸਬ ਡਵੀਜ਼ਨ ਮਾਨਸਾ ਦੇ ਸਕੱਤਰ ਚੁਣੇ

ਮਾਨਸਾ, 28 ਅਕਤੂਬਰ (ਬਲਵਿੰਦਰ ਸਿੰਘ ਧਾਲੀਵਾਲ)- ਸੀ.ਪੀ.ਆਈ ਸਬ ਡਵੀਜ਼ਨ ਮਾਨਸਾ ਦੀ ਜਥੇਬੰਦਕ ਕਾਨਫ਼ਰੰਸ ਦੌਰਾਨ ਰੂਪ ਸਿੰਘ ਢਿੱਲੋਂ ਨੂੰ ਸਕੱਤਰ ਚੁਣਿਆ ਗਿਆ। ਇਸੇ ਤਰ੍ਹਾਂ ਕੇਵਲ ਸਿੰਘ ਸਮਾਓਂ ਮੀਤ ਸਕੱਤਰ, ਕਰਨੈਲ ਸਿੰਘ ਭੀਖੀ ਖ਼ਜ਼ਾਨਚੀ ਤੋਂ ਇਲਾਵਾ ਦਲਜੀਤ ਸਿੰਘ ਮਾਨਸ਼ਾਹੀਆ, ਹਰਪਾਲ ਸਿੰਘ ਬੱਪੀਆਣਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਸੁਖਰਾਜ ਸਿੰਘ ਜੋਗਾ, ਭੋਲਾ ਸਿੰਘ ਜੋਗਾ, ਕਪੂਰ ਸਿੰਘ ਕੋਟ ਲੱਲੂ, ਸ਼ਿੰਦਰਪਾਲ ਸਿੰਘ ਪੱਪੀ ਮੂਲਾ ਸਿੰਘ ਵਾਲਾ, ਬੂਟਾ ਸਿੰਘ ਬਰਨਾਲਾ, ਸਤਪਾਲ ਕੌਰ ਕਾਰਜਕਾਰਨੀ ਮੈਂਬਰ ਚੁਣੇ ਗਏ। ਸੰਬੋਧਨ ਕਰਦਿਆਂ ਪਾਰਟੀ ਦੇ ਕੌਮੀ ਕੌਂਸਲਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਮਜ਼ਬੂਤ ਕਮਿਊਨਿਸਟ ਪਾਰਟੀ ਤੇ ਲਹਿਰ ਦੀ ਉਸਾਰੀ ਲਈ ਜ਼ਮੀਨੀ ਪੱਧਰ 'ਤੇ ਪਿੰਡ ਤੋਂ ਜ਼ਿਲ੍ਹਾ ਇਕਾਈਆਂ ਦੀ ਮਜ਼ਬੂਤੀ ਅਤੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਜ ਲਈ ਨਿੱਗਰ ਯਤਨ ਜੁਟਾਏ ਜਾਣ। ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਪਾਰਟੀ ਦੇ ਸ਼ਾਨਾਮੱਤੇ ਇਤਿਹਾਸ ਤੇ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਸਿਆਸੀ ਸਮਝ ਹੀ ਸਰਮਾਏਦਾਰੀ ਪ੍ਰਬੰਧ ਖ਼ਿਲਾਫ਼ ਸੰਘਰਸ਼ ਨੂੰ ਤੇਜ਼ ਕਰਨਾ ਚਾਹੀਦਾ ਹੈ। ਇਸ ਮੌਕੇ ਸੁਖਦੇਵ ਸਿੰਘ ਪੰਧੇਰ, ਸੁਖਦੇਵ ਸਿੰਘ ਮਾਨਸਾ, ਧੰਨਾ ਸਿੰਘ, ਰਾਜਵਿੰਦਰ ਸਿੰਘ ਰਾਜੂ, ਮੱਖਣ ਸਿੰਘ ਬੀਰ ਖ਼ੁਰਦ, ਗੁਰਚਰਨ ਸਿੰਘ ਭੀਖੀ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।



ਮਾਨਸਾ ਵਿਖੇ ਸੀ.ਪੀ.ਆਈ ਦੀ ਜਥੇਬੰਦਕ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਹੋਏ ਕਾ. ਹਰਦੇਵ ਸਿੰਘ ਅਰਸ਼ੀ। ਤਸਵੀਰ : ਸੇਮੀ ਮਾਨਸਾ



ਬੁਢਲਾਡਾ ਵਿਖੇ ਸੀ. ਪੀ. ਆਈ. ਦੀ ਸ਼ਹਿਰੀ ਕਮੇਟੀ ਦੀ ਜਥੇਬੰਦਕ ਚੋਣ ਮੌਕੇ ਆਗੂ। ਤਸਵੀਰ : ਟੋਨੀ ਬੁਢਲਾਡਾ

# ਸੀ. ਪੀ. ਆਈ. ਸ਼ਹਿਰੀ ਕਮੇਟੀ ਦੀ ਜਥੇਬੰਦਕ ਚੋਣ ਹੋਈ

ਬੁਢਲਾਡਾ, 28 ਅਕਤੂਬਰ (ਸਵਰਨ ਸਿੰਘ ਰਾਹੀ)- ਸੀ. ਪੀ. ਆਈ. ਦੀ ਸ਼ਹਿਰੀ ਕਮੇਟੀ ਦੀ ਜਥੇਬੰਦਕ ਚੋਣ ਪਾਰਟੀ ਦੇ ਸਬ ਡਵੀਜ਼ਨ ਸਕੱਤਰ ਕਾ. ਵੇਦ ਪ੍ਰਕਾਸ਼ ਬੁਢਲਾਡਾ ਦੀ ਨਿਗਰਾਨੀ ਹੇਠ ਇੱਥੇ ਹੋਈ। ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਕਾ. ਕ੍ਰਿਸ਼ਨ ਸਿੰਘ ਚੌਹਾਨ ਨੇ ਕਿਹਾ ਕਿ ਪਾਰਟੀ ਦਾ ਮਜ਼ਬੂਤ ਜਥੇਬੰਦਕ ਢਾਂਚਾ ਹੀ ਆਰਥਿਕ, ਸਮਾਜਿਕ ਤੇ ਰਾਜਸੀ ਪ੍ਰਸਥਿਤੀਆਂ ਤੇ ਸਿਆਵਾਂ ਬਾਰੇ ਲੋਕਾਂ ਨੂੰ ਪ੍ਰੇਰਿਤ ਕਰ ਕੇ ਮਜ਼ਬੂਤ ਕਮਿਊਨਿਸਟ ਲਹਿਰ ਉਸਾਰਨ ਵਿਚ ਸਹਾਈ ਹੋ ਸਕਦਾ ਹੈ। ਉਨ੍ਹਾਂ ਨੇ ਪਾਰਟੀ ਵਿਧਾਨ ਤੇ ਕਾਡਰ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਦੌਰਾਨ ਸ਼ਹਿਰ ਕਮੇਟੀ ਦੀ ਸਰਬਸੰਮਤੀ ਨਾਲ ਹੋਈ ਚੋਣ 'ਚ ਜਗਸੀਰ ਸਿੰਘ ਰਾਏ ਕੇ ਸਕੱਤਰ, ਹਰਦਿਆਲ ਸਿੰਘ ਬੁਢਲਾਡਾ ਤੇ ਚਿਮਨ ਲਾਲ ਕਾਕਾ ਸਹਾਇਕ ਸਕੱਤਰ, ਰਘੂਨਾਥ ਸਿੰਗਲਾ ਕੈਸ਼ੀਅਰ ਅਤੇ ਅਸ਼ੋਕ ਲਾਕੜਾ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ ਜਦਕਿ ਜਗਤਾਰ ਕਾਲਾ, ਪਵਨ ਸ਼ਰਮਾ, ਰਾਮ ਗੋਪਾਲ, ਭੀਮਾ ਸਿੰਘ, ਬਲੌਰ ਸਿੰਘ ਤੇ ਤਿੱਤਰ ਸਿੰਘ ਕਮੇਟੀ ਮੈਂਬਰ ਚੁਨਣ ਸਮੇਤ ਸਬ ਡਵੀਜ਼ਨ ਬੁਢਲਾਡਾ ਦੀ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਵੀ ਕੀਤੀ ਗਈ। ਇਸ ਮੌਕੇ ਕਾ. ਬਲਵੀਰ ਸਿੰਘ, ਲਾਲ ਚੰਦ, ਸੁਰਿੰਦਰ ਕੁਮਾਰ ਬਿੱਟੂ, ਨਰਿੰਦਰ ਕਾਲਾ ਦਾਤੇਵਾਸੀਆ, ਹੈਪੀ, ਮਿੱਠੂ ਸਿੰਘ ਆਦਿ ਹਾਜ਼ਰ ਸਨ।

# ਈ.ਟੀ.ਟੀ. 2364 ਬੇਰੁਜ਼ਗਾਰ ਅਧਿਆਪਕਾਂ ਵਲੋਂ ਰੋਸ ਪ੍ਰਦਰਸ਼ਨ 2 ਨੂੰ

ਮਾਨਸਾ, 28 ਅਕਤੂਬਰ (ਸ.ਰਿ.)- ਈ. ਟੀ. ਟੀ. 2364 ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਵਲੋਂ 2 ਨਵੰਬਰ ਨੂੰ ਤਰਨਤਾਰਨ ਵਿਖੇ ਜ਼ਿਮਨੀ ਚੋਣ ਵਿਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਥੇਬੰਦੀ ਦੇ ਸੂਬਾ ਆਗੂ ਮਨਪ੍ਰੀਤ ਸਿੰਘ ਮਾਨਸਾ ਤੇ ਵਰਿੰਦਰ ਸਰਹਿੰਦ ਨੇ ਦੋਸ਼ ਲਗਾਇਆ ਕਿ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਨੇ ਅਧਿਆਪਕਾਂ ਦੀਆਂ ਸਾਰੀਆਂ ਮੰਗਾਂ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਜੋ ਵਫ਼ਾ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਭਰਤੀ ਦੀ ਪਹਿਲੀ ਸੂਚੀ ਨੂੰ 6-7 ਮਹੀਨਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਪਰ ਸਰਕਾਰ 1600 ਉਮੀਦਵਾਰਾਂ ਦੀ ਥਾਂ ਤੇ ਅਗਲੀ ਦੂਜੀ ਸੂਚੀ ਦੇਣ 'ਚ ਆਨਾਕਾਨੀ ਕਰ ਰਹੀ ਹੈ ਅਤੇ ਨਾ ਹੀ ਵੱਖ-ਵੱਖ ਸ਼੍ਰੇਣੀਆਂ ਦੀਆਂ ਖਾਲੀ ਰਹਿੰਦੀਆਂ ਪੋਸਟਾਂ ਨੂੰ ਡੀ ਰਿਜ਼ਰਵ ਕਰ ਰਹੀ ਹੈ।